# AgaMatrix® JAZZ™

# ਕੁਇਕ ਸਟਾਰਟ ਗਾਈਡ

## ਕੋਈ ਕੋਡ ਨਹੀਂ




**ਕਸਟਮਰ ਕੇਅਰ: 0800 093 1812**

*ਐਮਰਜੈਂਸੀ ਦੀ ਸਥਿਤੀ ਵਿਚ ਆਪਣੇ ਹੈਲਥਕੇਅਰ ਪੇਸ਼ਾਵਰ ਜਾਂ ਐਮਰਜੈਂਸੀ ਮੈਡੀਕਲ ਰਿਸਪਾਂਸ ਨਾਲ ਸੰਪਰਕ ਕਰੋ।*

ਐਗਾਮੈਟਰਿਕਸ ਜੈਜ਼ ਬਲੱਡ ਗਲੂਕੋਜ਼ ਮਾਨੀਟਰਿੰਗ ਸਿਸਟਮ (AgaMatrix JAZZ Blood Glucose Monitoring System) ਨਾਲ ਤੁਸੀਂ ਆਪਣੇ ਖ਼ੂਨ ਵਿਚ ਸ਼ੂਗਰ ਦੀਆਂ ਲੈਵਲਸ ਦੀ ਜਾਂਚ ਕਰ ਸਕਦੇ ਹੋ।

## ਬੁਨਿਆਦੀ ਕਦਮ [ਪੂਰੀਆਂ ਹਿਦਾਇਤਾਂ ਲਈ, ਆਪਣੇ ਐਗਾਮੈਟਰਿਕਸ ਜੈਜ਼ ਓਨਰ'ਸ ਗਾਈਡ (*AgaMatrix JAZZ Owner's Guide*) ਨੂੰ ਵੇਖੋ]

### 1 ਟੈਸਟ ਸਟਰਿਪ ਨੂੰ ਮੀਟਰ ਵਿਚ ਪਾ ਦਿਓ:

ਕੌਨਟੈਕਟ ਬਾਰਜ਼ (ਸੰਪਰਕ ਧਾਰੀਆਂ) ਨੂੰ ਸਿੱਧੇ ਰੁੱਖ ਰੱਖਦੇ ਹੋਏ ਟੈਸਟ ਸਟਰਿਪ ਨੂੰ ਟੈਸਟ ਸਟਰਿਪ ਪੋਰਟ (ਸਟਰਿਪ ਪਾਣ ਲਈ ਜਗਹ) ਵਿਚ ਦਾਖਲ ਕਰੋ। ਮੀਟਰ ਚਾਲੂ ਹੋ ਜਾਏਗਾ।

*ਸਾਵਧਾਨੀ: ਬਿਲਕੁਲ ਯਕੀਨੀ ਤੌਰ ਤੇ ਸਹੀ ਨਤੀਜੇ ਹਾਸਲ ਕਰਨ ਲਈ, ਹਰ ਟੈਸਟ ਤੋਂ ਪਹਿਲਾਂ ਆਪਣੇ ਹੱਥ ਸਾਬਣ ਵਾਲੇ ਕੋਸੇ ਪਾਣੀ ਨਾਲ ਧੋਕੇ ਸੁਕਾਓ।*



### 2 ਲੈਂਸ ਟੈਸਟ ਸਾਈਟ:

ਲੈਂਸਿੰਗ ਯੰਤਰ ਨੂੰ ਟੈਸਟ ਦੀ ਜਗਹ ਤੇ ਦਬਾਉ ਅਤੇ ਰਿਲੀਜ਼ ਬਟਨ ਨੂੰ ਦਬਾਉ।




### 3 ਐਕਸਪ੍ਰੈਸ ਬਲੱਡ ਡਰਾਪ:

ਖ਼ੂਨ ਦੀ ਜਿਹੜੀ ਪਹਿਲੀ ਬੂੰਦ ਬਣੇ ਉਸਨੂੰ ਇਕ ਸਾਫ਼ ਟਿਸ਼ੂ ਜਾਂ ਕਾਗਜ਼ ਦੇ ਤੌਲੀਏ (ਪੇਪਰ ਟਾਵਲ) ਨਾਲ ਪੂੰਝ ਦਿਉ।

ਉਂਗਲੀ ਦੇ ਹੇਠਲੇ ਪਾਸੇ ਉਪਰ ਵੱਲ ਪੋਟੋ ਨੂੰ ਉਦੋਂ ਤਕ ਦਬਾਈ ਰੱਖੋ, ਜਦ ਤਕ ਖ਼ੂਨ ਦੀ ਛੋਟੀ ਜਿਹੀ ਦੂਜੀ ਬੂੰਦ ਨਾ ਬਣ ਜਾਏ।



### 4 ਟੈਸਟ ਕਰਨ ਵਾਲੀ ਸਟਰਿਪ ਨੂੰ ਖ਼ੂਨ ਦੇ ਸੈਂਪਲ ਤਕ ਲਿਆਉ:

ਐਗਾਮੈਟਰਿਕਸ ਜੈਜ਼ ਟੈਸਟ ਸਟਰਿਪ (AgaMatrix JAZZ Test Strip) ਸੈਂਪਲ ਦੇ ਹਿੱਸੇ ਤੋਂ ਖ਼ੂਨ ਨੂੰ ਟੈਸਟ ਕਰਨ ਵਾਲੀ ਸਟਰਿਪ ਵਿਚ ਖਿੱਚ ਲੈਂਦੀ ਹੈ।





### 5 ਜਦੋਂ ਮੀਟਰ ਤੋਂ ਬੀਪ ਦੀ ਆਵਾਜ਼ ਆਏ, ਟੈਸਟ ਸਟਰਿਪ ਦੇ ਸਿਰੇ ਨੂੰ ਖ਼ੂਨ ਤੋਂ ਹਟਾ ਲਉ:




1-2-3 ਤਕ ਗਿਣਤੀ ਕਰਨ ਬਾਅਦ (ਸਕਰੀਨ ਤੇ ਸਕਰੋਲਿੰਗ ਬਾਰ ਜਾਂ ਧਾਰੀ ਦਿੱਸੇਗੀ) ਤੁਹਾਡਾ ਨਤੀਜਾ ਸਾਹਮਣੇ ਦਿੱਸੇਗਾ।







ਭੋਜਨ ਦੇ ਸਮੇਂ ਦੇ ਟੈਗ ਦਾ ਫ਼ਲੈਸ਼ (ਲਿਸ਼ਕਾਰਾ) ਦਿੱਸੇਗਾ। ਇਸਦੀ ਪੁਸ਼ਟੀ ਕਰਨ ਲਈ ਟਿੱਕ (TICK) ਬਟਨ ਨੂੰ ਦਬਾਉ। ਇਸਨੂੰ ਬਦਲਣ ਲਈ ਜਾਂ ਹੋਰ ਵੇਰਵਿਆਂ ਲਈ ਆਪਣੀ ਓਨਰ'ਸ ਗਾਈਡ ਵੇਖੋ।

### 6 ਪੂਰਾ ਕਰਨ ਲਈ:

ਇਸਤੇਮਾਲ ਕੀਤੀ ਗਈ ਟੈਸਟ ਸਟਰਿਪ ਹਟਾ ਦਿਉ। ਮੀਟਰ ਆਪਣੇ ਆਪ ਬੰਦ ਹੋ ਜਾਏਗਾ। ਲੈਂਸਿੰਗ ਡਿਵਾਈਸ (ਸੂਈ ਵਰਗਾ ਯੰਤਰ) ਦਾ ਢੱਕਣ ਉਤਾਰ ਕੇ ਲੈਂਸੈਟ ਨੂੰ ਹਟਾਉ। ਇਸਤੇਮਾਲ ਕੀਤੀ ਗਈ ਟੈਸਟ ਸਟਰਿਪ ਅਤੇ ਲੈਂਸੈਟ ਨੂੰ ਸਹੀ ਢੰਗ ਨਾਲ ਨਸ਼ਟ ਕਰੋ।



## ਲੈਂਸਿੰਗ ਸਿਸਟਮ ਨੂੰ ਤਿਆਰ ਕਰਨਾ

**ਚੇਤਾਵਨੀ:**
ਐਗਾਮੈਟਰਿਕਸ ਲੈਂਸਿੰਗ ਡਿਵਾਈਸ ਸਿਰਫ਼ ਇਕ ਵਿਅਕਤੀ ਵੱਲੋਂ ਆਪਣਾ ਖ਼ੂਨ ਟੈਸਟ ਕਰਨ ਲਈ ਖ਼ੂਨ ਦਾ ਸੈਂਪਲ ਕੱਢਣ ਲਈ ਇਸਤੇਮਾਲ ਕੀਤੀ ਜਾਏ। ਕੋਈ ਅਜਿਹੀ ਲੈਂਸੇਟ ਜਾਂ ਲੈਂਸਿੰਗ ਡਿਵਾਈਸ ਇਸਤੇਮਾਲ ਨਾ ਕਰੋ, ਜੋ ਕਿਸੇ ਹੋਰ ਵਿਅਕਤੀ ਨੇ ਵਰਤੀ ਹੋਵੇ।

1. ਲੈਂਸਿੰਗ ਡਿਵਾਈਸ (ਯੰਤਰ) ਦਾ ਢੱਕਣ ਖਿੱਚੋ।



2. ਲੈਂਸੈਟ ਹੋਲਡਰ ਕੱਪ ਵਿਚ ਇਕ ਨਵੀਂ ਲੈਂਸੈਟ ਪਾਉ।



3. ਲੈਂਸੈਟ ਦਾ ਢੱਕਣ ਖਿੱਚ ਕੇ ਲਾਹੋ।



4. ਲੈਂਸਿੰਗ ਡਿਵਾਈਸ ਦਾ ਢੱਕਣ ਮੁੜ ਪਾ ਦਿਉ।



5. ਲੈਂਸਿੰਗ ਲੈਵਲ ਸੈਟ ਕਰੋ।




6. ਕਾੱਕਿੰਗ ਹੈਂਡਲ ਨੂੰ ਉਦੋਂ ਤਕ ਬਾਹਰ ਵੱਲ ਖਿੱਚੋ ਜਦ ਤਕ ਕਲਿੱਕ ਨਾ ਕਰੇ।



## ਐਗਾਮੈਟਰਿਕਸ ਜੈਜ਼ ਬਲੱਡ ਗਲੂਕੋਜ਼ ਮੀਟਰ




## ਐਗਾਮੈਟਰਿਕਸ ਜੈਜ਼ ਟੈਸਟ ਸਟਰਿਪ




## ਐਗਾਮੈਟਰਿਕਸ ਲੈਂਸਿੰਗ ਸਿਸਟਮ




ਉਤਪਾਦਕ: AgaMatrix, Inc. 7C Raymond Avenue, Salem, NH 03079 USA

©2005-2015 AgaMatrix, Inc. 7500-04363-PUN Rev D